# ਕਾਮੇਸ਼ਵਰੀ ਬਨਾਮ ਪੰਜਾਬੀ ਨਾਟਕ ਵਿਚ ਔਰਤ

## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**



12 ਜੁਲਾਈ, 1998 ਟੈਗੋਰ ਥੀਏਟਰ ਚੰਡੀਗੜ੍ਹ ਵਿਚ ਸਵਰਨਜੀਤ ਸਵੀ ਦੀ ਲੰਮੀ ਕਵਿਤਾ 'ਕਾਮੇਸ਼ਵਰੀ' ਦੀ ਨਾਟਕੀ ਪੇਸ਼ਕਾਰੀ ਵੇਖ ਕੇ ਇਕਦਮ ਇਹ ਪ੍ਰਤੀਕਰਮ ਹੋਇਆ ਕਿ ਇਹ ਵਿਸ਼ਾ ਕਵਿਤਾ ਦਾ ਵਿਸ਼ਾ ਤਾਂ ਹੋ ਸਕਦਾ ਸੀ ਪਰ ਇਸ ਦੀ ਨਾਟਕੀ ਪੇਸ਼ਕਾਰੀ ਕਰਨੀ ਕੋਈ ਠੀਕ ਫੈਸਲਾ ਨਹੀਂ ਸੀ। ਅੰਨ੍ਹੇ ਕਾਮ ਦੀ ਸਟੇਜ ਉਤੇ ਪੇਸ਼ਕਾਰੀ ਅਤੇ ਉਹ ਵੀ ਉਨ੍ਹਾਂ ਕਲਾਕਾਰਾਂ ਵਲੋਂ ਜਿਨ੍ਹਾਂ ਦੀ ਨ੍ਰਿਤ-ਕਲਾ ਦੀ ਬਾਕਾਇਦਾ ਸਿਖਲਾਈ ਨਹੀਂ, ਔਖੜਦੀ ਵੀ ਸੀ ਅਤੇ ਓਪਰੀ ਵੀ ਸੀ। ਓਪਰੀ ਸ਼ਬਦ ਤਾਂ ਵਰਤਿਆ ਹੈ ਕਿਉਂਕਿ ਔਰਤ ਦੇ ਸੰਦਰਭ ਵਿਚ ਇਹ ਪੇਸ਼ਕਾਰੀ ਪੰਜਾਬੀ ਨਾਟਕ ਦੀਆਂ ਰਿਵਾਇਤਾਂ ਦੇ ਅਨੁਕੂਲ ਨਹੀਂ ਹੈ।

ਔਰਤ ਦੇ ਵਿਸ਼ੇ ਉਤੇ ਪੰਜਾਬੀ ਨਾਟਕ ਦੀਆਂ ਆਪਣੀਆਂ ਰਵਾਇਤਾਂ ਵੀ ਹਨ ਅਤੇ ਆਪਣੀ ਪਹਿਚਾਣ ਵੀ ਹੈ। ਈਸ਼ਵਰ ਚੰਦਰ ਨੰਦਾ ਤੋਂ ਲੈ ਕੇ ਅੱਜ ਤਕ ਦੇ ਪੰਜਾਬੀ ਨਾਟਕ ਦੇ ਸਫਰ ਵਿਚ ਨਾਟਕਕਾਰਾਂ ਨੇ ਔਰਤ ਦੀ ਤ੍ਰਾਸਦੀ, ਜਾਗ੍ਰਿਤੀ ਅਤੇ ਬਗਾਵਤ ਦੀ ਗੱਲ ਆਪਣੀ ਆਪਣੀ ਸਮਰੱਥਾ ਮੁਤਾਬਿਕ ਕੀਤੀ ਹੈ। ਔਰਤਾਂ ਪ੍ਰਤੀ ਆਪਣੀ ਸਿਹਤਮੰਦ ਪਹੁੰਚ ਹਮੇਸ਼ਾ ਪੰਜਾਬੀ ਨਾਟਕ ਦੀ ਸ਼ਕਤੀ ਰਹੀ ਹੈ। ਹੁਣ ਜਦੋਂ ਉਪਭੋਗਤਾ ਵਾਲਾ ਸਭਿਆਚਾਰ ਸਾਰੇ ਪਾਸੇ ਫੈਲ ਰਿਹਾ ਹੈ, ਪੇਸ਼ਕਾਰੀ ਵਿਚ ਨਵੀਆਂ ਨਵੀਆਂ ਤਕਨੀਕਾਂ ਅਪਣਾਈਆਂ ਜਾ ਰਹੀਆਂ ਹਨ ਤਾਂ ਡਰ ਹੈ ਕਿ ਕਿਧਰੇ ਇਸ ਅਮਲ ਵਿਚ ਬੁਨਿਆਦੀ ਕਦਰਾਂ ਕੀਮਤਾਂ ਧੁੰਦਲੀਆਂ ਨਾ ਹੋ ਜਾਣ। ਇਸ ਲਈ ਔਰਤਾਂ ਦੇ ਸਿਲਸਿਲੇ ਵਿਚ ਪੰਜਾਬੀ ਨਾਟਕ ਦਾ ਇਕ ਸੰਖੇਪ ਸਰਵੇਖਣ ਇਥੇ ਪੇਸ਼ ਕੀਤਾ ਜਾ ਰਿਹਾ ਹੈ।

ਗੱਲ ਆਈ. ਸੀ. ਨੰਦਾ ਤੋਂ ਕਰਦੇ ਹਾਂ। ਸਮਾਜ ਸੁਧਾਰ ਜਿਥੇ ਉਹਦੇ ਮੁੱਖ ਵਿਸ਼ੇ ਹਨ ਉਥੇ ਔਰਤਾਂ ਨਾਲ ਹੋ ਰਹੀ ਸਮਾਜਕ ਬੇਇਨਸਾਫੀ ਵਿਰੁੱਧ ਨੰਦਾ ਜ਼ੋਰਦਾਰ ਆਵਾਜ਼ ਉਠਾਂਦਾ ਹੈ। ਉਹਦੇ ਨਾਟਕ 'ਸੁਹਾਗ' ਅਤੇ 'ਸੁਭੱਦਰਾ' ਇਸ ਦੀਆਂ ਮਿਸਾਲਾਂ ਹਨ। 'ਸੁਹਾਗ' ਪੰਜਾਬੀ ਇਕਾਂਗੀ ਨਾਟਕਾਂ ਦਾ ਇਕ ਸ਼ਾਹਕਾਰ ਨਾਟਕ ਹੈ। ਇਸ ਨਾਟਕ ਵਿਚ ਉਸ ਤ੍ਰਾਸਦੀ ਦੀ ਪੇਸ਼ਕਾਰੀ ਹੈ ਜਦੋਂ ਧੀਆਂ ਪੈਸੇ ਪਿੱਛੇ ਵੇਚੀਆਂ ਜਾਂਦੀਆਂ ਹਨ ਅਤੇ ਬੇਜੋੜ ਜੋੜ ਜੋੜੇ ਜਾਂਦੇ ਹਨ। ਵੱਡੀ ਭੈਣ ਮੇਲੋ ਵਿਆਹ ਵੇਲੇ ਘਰੋਂ ਨੱਸ ਜਾਂਦੀ ਹੈ ਤਾਂ ਗੁੱਡੀਆਂ ਨਾਲ ਖੇਡਦੀ ਬਾਲੜੀ ਉਮਰ ਦੀ ਛੋਟੀ ਭੈਣ ਮੰਡਪ ਵਿਚ ਬਿਠਾ ਦਿੱਤੀ ਜਾਂਦੀ ਹੈ ਕਿਉਂਕਿ ਬਾਪ ਨੇ ਰਕਮ ਉਗਰਾਹੀ ਹੋਈ ਹੈ। 'ਸੁਭੱਦਰਾ' ਨਾਟਕ ਵਿਚ ਦੋ ਪੀੜ੍ਹੀਆਂ ਦੀ ਸੋਚ ਦਾ ਫਰਕ ਪ੍ਰਗਟਾਇਆ ਗਿਆ ਹੈ। ਸੁਭੱਦਰਾ ਵਿਧਵਾ ਹੈ। ਸਹੁਰੇ ਘਰ ਉਹ ਤਸੀਹੇ ਕੱਟ ਰਹੀ ਹੈ। ਉਹਦਾ ਵਡਾ ਭਰਾ ਆਪਣੇ ਮਾਪਿਆਂ ਦੇ ਵਿਰੋਧ ਦੇ ਬਾਵਜੂਦ ਭੈਣ ਨੂੰ ਸਹੁਰੇ ਘਰੋਂ ਲਿਆਂਦਾ ਹੈ ਅਤੇ ਉਹਦੇ ਦੂਜੇ ਵਿਆਹ ਦਾ ਉਪਰਾਲਾ ਕਰਦਾ ਹੈ। 1920 ਵਿਚ ਲਿਖਿਆ ਉਹ ਨਾਟਕ ਅੱਜ ਵੀ ਪੂਰੀ ਪ੍ਰਸੰਗਕਤਾ ਰੱਖਦਾ ਹੈ। ਉਹਦਾ ਸੁਨੇਹਾ 'ਪਿੱਪਲ ਦੇ ਪੱਤਿਆ, ਕੀ ਖੜ ਖੜ ਲਾਈ ਏ, ਪਤਝੜ ਹੋਏ ਪੁਰਾਣੇ, ਰੁੱਤ ਨਵਿਆਂ ਦੀ ਆਈ ਏ' ਅੱਜ ਵੀ ਸਾਨੂੰ ਪ੍ਰੇਰਨਾ ਦਿੰਦਾ ਹੈ।

ਨੰਦਾ ਤੋਂ ਬਾਅਦ ਹਰਚਰਨ ਸਿੰਘ ਨੇ ਔਰਤ ਜਾਗ੍ਰਿਤੀ ਦੀ ਗੱਲ ਆਪਣੇ ਨਾਟਕਾਂ ਵਿਚ ਕੀਤੀ। 'ਦੂਰ ਦੁਰਾਡੇ ਸ਼ਹਿਰੋਂ', 'ਨਵਾਂ ਚਾਨਣ', 'ਖੇਡਣ ਦੇ ਦਿਨ ਚਾਰ' ਆਦਿ ਨਾਟਕ ਇਹਦਾ ਪ੍ਰਮਾਣ ਹਨ। ਇਹ ਤ੍ਰਾਸਦੀ ਤੋਂ ਅੱਗੇ ਜਾਗ੍ਰਿਤੀ ਦੇ ਸਫਰ ਦਾ ਆਰੰਭ ਹੈ। 'ਸ਼ੋਭਾ ਸ਼ਕਤੀ' ਨਾਟਕ ਔਰਤ ਸ਼ਕਤੀ ਦਾ ਪ੍ਰਤੀਕ ਹੈ। 1935 ਤੋਂ ਸ਼ੁਰੂ ਹੋਈ ਸਾਹਿਤ ਵਿਚ ਪ੍ਰਗਤੀਸ਼ੀਲ ਲਹਿਰ ਦੀ ਹਰਚਰਨ ਸਿੰਘ ਪੰਜਾਬੀ ਨਾਟਕ ਵਿਚ ਪੂਰੀ ਤਰ੍ਹਾਂ ਨੁਮਾਇੰਦਗੀ ਕਰਦਾ ਹੈ। ਗੁਰਦਿਆਲ ਸਿੰਘ ਫੁੱਲ ਆਪਣੇ ਨਾਟਕ 'ਧਰਤੀ ਦੀ ਜਾਈ' ਵਿਚ ਮਾਈ ਭਾਗੋ ਦੇ ਇਤਿਹਾਸਕ ਸੰਕਲਪ ਨੂੰ ਅੱਗੇ ਤੋਰਦਾ ਹੈ। ਇਹ ਸੂਰਮਗਤੀ ਦਾ ਸੰਕਲਪ ਹੈ।

ਹਰਚਰਨ ਸਿੰਘ ਅਤੇ ਗੁਰਦਿਆਲ ਸਿੰਘ ਫੁੱਲ ਦੇ ਨਾਲ ਨਾਲ ਬਲਵੰਤ ਗਾਰਗੀ ਆਪਣੇ ਨਾਟਕਾਂ ਵਿਚ ਹੋਰ ਅੱਗੇ ਗਿਆ। 1945 ਦੇ ਆਲੇ ਦੁਆਲੇ ਲਿਖੇ ਹੋਏ ਨਾਟਕਾਂ 'ਲੋਹਾ ਕੁੱਟ', 'ਕਣਕ ਦੀ ਬੱਲੀ', 'ਕੇਸਰੋ' ਵਿਚ ਗਾਰਗੀ ਨੇ ਜਿਥੇ ਔਰਤ ਦੇ ਦੁੱਖ ਨੂੰ ਪੇਸ਼ ਕੀਤਾ, ਉਥੇ ਪੂਰੀ ਤਰ੍ਹਾਂ ਬਗਾਵਤ ਦੀ ਗੱਲ ਕੀਤੀ ਭਾਵੇਂ ਉਹ ਬਗਾਵਤ ਸੀਮਤ ਸੰਕਲਪ ਦੀ ਹੀ ਸੀ। 'ਕਣਕ ਦੀ ਬੱਲੀ' ਦੀ ਤਾਰੋ ਜਗੀਰਦਾਰੀ ਜ਼ੁਲਮ ਦੀ ਸ਼ਿਕਾਰ ਹੈ। ਉਹ ਬੇਵੱਸ ਹੋ ਕੇ ਖੂਹ ਵਿਚ ਛਾਲ ਮਾਰ ਦਿੰਦੀ ਹੈ। ਦੁਖਾਂਤ ਹੈ, 'ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ'। 'ਲੋਹਾ ਕੁੱਟ' ਦੀ ਬੈਣੋ ਬਗਾਵਤ ਦਾ ਅਮਲੀ ਰੂਪ ਲੈਂਦੀ ਹੈ ਜਦੋਂ ਉਹ ਆਪਣੇ ਪ੍ਰੇਮੀ ਨਾਲ ਘਰੋਂ ਨੱਸਣ ਦਾ ਹੌਸਲਾ ਕਰਦੀ ਹੈ। ਉਸ ਦੀ ਮਾਂ ਆਪਣੀ ਧੀ ਤੋਂ ਪ੍ਰੇਰਨਾ ਲੈਂਦੀ ਹੈ। ਕੇਸਰੋ ਆਪਣੇ ਪਤੀ ਦੇ ਘਰੋਂ ਚਲੇ ਜਾਣ ਦੇ ਕਾਰਨ ਬੇਵੱਸ ਨਹੀਂ ਹੁੰਦੀ ਸਗੋਂ ਆਪਣੇ ਪੈਰਾਂ ਉਤੇ ਆਪ ਖਲੋਂਦੀ ਹੈ। ਕਾਮੇਸ਼ਵਰੀ ਦੇ ਵਿਚ ਪੇਸ਼ ਕੀਤੇ ਵਿਚਾਰ ਕਈ ਥਾਂ ਗਾਰਗੀ ਨੇ ਆਪਣੇ ਨਾਟਕਾਂ ਵਿਚ ਸ਼ਿੱਦਤ ਨਾਲ ਪੇਸ਼ ਕੀਤੇ ਹਨ ਪਰ ਉਹ ਓਪਰੇ ਨਹੀਂ ਲਗਦੇ ਕਿਉਂਕਿ ਉਹ ਨਾਟਕ ਵਿਚ ਪੂਰੀ ਤਰ੍ਹਾਂ ਸਮੋਏ ਹੋਏ ਹਨ।

ਅੱਜ ਦਾ ਪੰਜਾਬੀ ਨਾਟਕ ਔਰਤ ਦੀ ਸਮਾਜ ਵਿਚ ਭੂਮਿਕਾ ਬਾਰੇ ਪੂਰੀ ਤਰ੍ਹਾਂ ਚੇਤਨ ਹੈ। ਇਸ ਦੀ ਇਕ ਮਿਸਾਲ ਮੇਰਾ ਆਪਣਾ ਨੁੱਕੜ ਨਾਟਕ 'ਸਮਾਜ' ਹੈ। ਨੁੱਕੜ ਨਾਟਕ ਦੀ ਸ਼ੈਲੀ ਨੂੰ ਅਪਣਾਉਂਦੇ ਹੋਏ ਉਹਦੇ ਵਿਚ ਸਪਸ਼ਟ ਬਿਆਨ ਸ਼ਾਮਲ ਹਨ।

ਬੱਚੇ ਨੂੰ ਜਨਮ ਔਰਤ ਦਿੰਦੀ ਹੈ। ਜਨਮ ਪੀੜਾ ਉਹ ਸਹਿੰਦੀ ਹੈ ਪਰ ਬੱਚੇ ਦਾ ਨਾਮ ਜਾ ਜੁੜਦਾ ਹੈ ਬੱਚੇ ਦੇ ਬਾਪ ਨਾਲ। ਬਿੱਟੂ ਵੀਨਾ ਰਾਣੀ ਦਾ ਪੁੱਤ ਨਹੀਂ, ਵਿਨੋਦ ਸਾਹਿਬ ਦਾ ਪੁੱਤਰ ਹੈ, ਬੰਟੀ ਸੁਰਜੀਤ ਕੌਰ ਦਾ ਪੁੱਤਰ ਨਹੀਂ, ਹਰਜੀਤ ਸਿੰਘ ਦਾ ਪੁੱਤਰ ਹੈ। ਸੈਦਾ, ਸਲੀਕਾ ਬੇਗਮ ਦਾ ਪੁੱਤਰ ਨਹੀਂ ਅਸਲਮ ਖਾਂ ਦਾ ਪੁੱਤਰ ਹੈ। ਪਰ ਬਿਟੂ, ਬੰਟੀ, ਸੈਦਾ ਜੇ ਪੇਸ਼ਾਬ ਕਰ ਦੇਵੇ ਤਾਂ ਨੈਪੀ ਵੀਨਾ ਰਾਣੀ ਬਦਲੇਗੀ, ਵਿਨੋਦ ਸਾਹਿਬ ਨਹੀਂ, ਹਰਜੀਤ ਸਿੰਘ ਨਹੀਂ, ਅਸਲਮ ਖਾਂ ਨਹੀਂ।

ਇਸ ਬਿਆਨ ਨਾਲ ਇਹ ਮੰਗ ਜੁੜਦੀ ਹੈ ਕਿ ਬੱਚੇ ਦੇ ਨਾਂ ਨਾਲ ਮਾਂ ਦਾ ਨਾਂ ਜੁੜਨਾ ਅੱਜ ਸਮੇਂ ਦੀ ਮੰਗ ਹੈ। (ਖੁਸ਼ੀ ਹੈ ਕਿ ਇਹ ਮੰਗ ਹੁਣ ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਮੰਨੀ ਗਈ ਹੈ।)

ਗਲਤੀ ਮਰਦ ਕਰੇਗਾ, ਗਾਲ੍ਹ ਔਰਤ ਨਾਲ ਜੁੜੇਗੀ। ਇਹ ਗਾਲ੍ਹ ਮਾਂ, ਭੈਣ ਧੀ ਦੀ ਹੋਵੇਗੀ। ਇਹ ਸਮਾਜ ਜਿਸ ਵਿਚ ਮਨੁੱਖ ਦੀ ਜਨਣੀ ਦਾ ਇਹ ਸਤਿਕਾਰ ਹੋਵੇ, ਉਹ ਸਭਿਆ ਸਮਾਜ ਨਹੀਂ ਕਹਿਲਾ ਸਕਦਾ।

ਗੜਬੜ ਹੋਵੇ, ਝਗੜਾ ਹੋਵੇ, ਲੜਾਈ ਹੋਵੇ, ਫਸਾਦ ਹੋਵੇ, ਜੰਗ ਹੋਵੇ, ਦੇਸ਼ ਦੀ ਵੰਡ ਹੋਵੇ, ਸ਼ਿਕਾਰ ਸਭ ਤੋਂ ਪਹਿਲਾਂ ਔਰਤ ਨੂੰ ਬਣਾਇਆ ਜਾਂਦਾ ਹੈ। ਉਹਦੀ ਅਸਮਤ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਅੱਜ ਦਾ ਯੁੱਗ ਪੂਰੀ ਤਰ੍ਹਾਂ ਔਰਤ ਦੀ ਜਾਗ੍ਰਿਤੀ ਅਤੇ ਬਗਾਵਤ ਦਾ ਯੁੱਗ ਹੈ। ਉਹ ਆਪਣੇ ਹੱਕਾਂ ਲਈ ਸੰਘਰਸ਼ ਕਰਦੀ ਹੈ। ਇਹ ਸੰਘਰਸ਼ ਬਰਾਬਰੀ ਲਈ ਹੈ। ਇਹ ਸੰਘਰਸ਼ ਸੱਤਾ ਵਿਚ ਹਿੱਸੇਦਾਰੀ ਦਾ ਹੈ। ਸਾਹਿਤ ਦੇ ਹੋਰਨਾਂ ਰੂਪਾਂ ਵਾਂਗੂੰ ਪੰਜਾਬੀ ਨਾਟਕ ਵਿਚ ਇਨ੍ਹਾਂ ਰੁਝਾਨਾਂ ਦਾ ਜ਼ੋਰਦਾਰ ਪ੍ਰਗਟਾਵਾ ਹੈ। ਮਿਸਾਲਾਂ ਹਨ, 'ਬੇਗਮੋ ਦੀ ਧੀ' ਜਿਸ ਵਿਚ ਇਕ ਸਕੂਲ ਮਾਸਟਰਨੀ ਆਪਣੇ ਤੇ ਆਪਣੀ ਮਾਂ 'ਤੇ ਹੋਏ ਜ਼ੁਲਮ ਦਾ ਬਦਲਾ ਪਿੰਡ ਦੇ ਵੈਲੀ ਬਦਮਾਸ਼ ਕੋਲੋਂ ਲੈਂਦੀ ਹੈ। 'ਸਵੇਰ ਦੀ ਲੋਅ', 'ਚ ਲੀਰਾਂ ਇਕੱਠੀਆਂ ਕਰਨ ਵਾਲੀ ਰੇਸ਼ਮੋ ਆਪਣੇ ਬੋਰੇ ਵਿਚ ਦਾਤਰਾ ਰੱਖਦੀ ਹੈ। 'ਖੰਭਾਂ ਵਾਲੀ ਕੁੜੀ' ਜਾਤ ਪਾਤ ਦੇ ਫਰਕ ਵਿਰੁਧ ਬਗਾਵਤ ਹੈ। 'ਫੌਜਣ', ਵਿਧਵਾ ਹੋਈ ਫੌਜਣ ਦਾ ਮੁੜ ਵਿਆਹ ਕਰਕੇ ਮੁੜ ਵਸੇਵੇ ਦਾ ਉਪਰਾਲਾ ਹੈ। 'ਸਰ-ਪੰਚਣੀ' ਇਕ ਦੁਨੀਆਂਦਾਰ ਅਤੇ ਸਿਆਣੀ ਔਰਤ ਦੀ ਕਹਾਣੀ ਹੈ, ਜੋ ਪਿੰਡ ਵਿਚ ਗਲਤ ਸੋਚ ਵਾਲੇ ਲੋਕਾਂ ਦਾ ਮੁਕਾਬਲਾ ਕਰਦੀ ਹੈ।

ਔਰਤ ਦੇ ਸੰਦਰਭ ਵਿਚ ਪੰਜਾਬੀ ਨਾਟਕ ਹਮੇਸ਼ਾ ਸਮੇਂ ਦੇ ਨਾਲ ਨਾਲ ਚਲਿਆ ਹੈ। ਸਮਾਜ ਦੀਆ ਹੰਢ ਚੁੱਕੀਆਂ ਕਦਰਾਂ ਕੀਮਤਾਂ ਦਾ ਇਹਨੇ ਖੰਡਨ ਕੀਤਾ ਹੈ। ਨਵੀਆਂ ਸੋਚਾਂ ਨੂੰ ਅਪਣਾਇਆ ਹੈ। ਇਹੀ ਪੰਜਾਬੀ ਨਾਟਕ ਦੀ ਸ਼ਕਤੀ ਹੈ।

ਕਾਮੇਸ਼ਵਰੀ ਦੇ ਵਿਸ਼ੇ ਦੀ ਚੋਣ ਅਤੇ ਪੇਸ਼ਕਾਰੀ ਦੇਖਦੇ ਹੋਏ ਫਿਕਰ ਹੋਇਆ ਕਿਉਂਕਿ ਇਸ ਪੇਸ਼ਕਾਰੀ ਨਾਲ ਪੰਜਾਬੀ ਨਾਟਕ ਦੇ ਜਾਣੇ ਹੋਏ ਨਾਂ ਨਰਿੰਦਰ ਸਾਂਘੀ, ਹਰਦੀਪ ਗਿੱਲ, ਅਨੀਤਾ ਦੇਵਗਨ ਜੁੜੇ ਹੋਏ ਸਨ। ਜੇ ਸੰਕੋਚ ਅਤੇ ਖਬਰਦਾਰੀ ਨਾ ਕੀਤੀ ਗਈ ਤਾਂ ਬਿਨਾਂ ਮਤਲਬ ਦੀ ਵਰਤੀ ਖੁੱਲ੍ਹ ਪੰਜਾਬੀ ਨਾਟਕ ਨੂੰ ਲੋਕਾਂ ਤੋਂ ਦੂਰ ਲਿਜਾ ਸਕਦੀ ਹੈ।